ਆਰਬੀਆਈ/2006-07/139

ਡੀਬੀਓਡੀ ਨੰ. ਐਲਈਜੀ.ਬੀਸੀ 32/09-07-005/2006-07

4 ਅਕਤੂਬਰ 2006

ਸੇਵਾ ਵਿਚ

ਸਮੂਹ ਅਨੁਸੂਚਿਤ ਵਪਾਰਕ ਬੈਂਕਾਂ

(ਆਰਆਰਬੀਐਸ ਤੋਂ ਬਿਨਾਂ)

ਪਿਆਰੇ ਸ੍ਰੀਮਾਨ,

**ਗਾਹਕ ਸੇਵਾ - (ਨਿਜੀ) ਸੇਵਿੰਗ ਬੈਂਕ ਖਾਤਾ ਧਾਰਕਾਂ ਨੂੰ ਪਾਸ ਬੁੱਕਾਂ ਨਾ ਜਾਰੀ ਕਰਨ ਦਾ ਪ੍ਰਚਲਣ ।**

ਸਾਡੇ ਕੋਲ ਸੀਨੀਅਰ ਸਿਟੀਜਨ ਐਸੋਸੀਏਸ਼ਨਾਂ ਸਮੇਤ ਗਾਹਕਾਂ ਤੋਂ ਪ੍ਰਤੀਬੇਨਤੀਆਂ ਪ੍ਰਾਪਤ ਹੋਈਆਂ ਹਨ ਕਿ ਕਾਫੀ ਬੈਂਕਾਂ ਵੱਲੋਂ (ਨਿਜੀ) ਸੇਵਿੰਗ ਬੈਂਕ ਖਾਤਾ ਧਾਰਕਾਂ ਨੂੰ ਪਾਸ ਬੁੱਕਾਂ ਜਾਰੀ ਕਰਨੀਆਂ ਬੰਦ ਕਰ ਦਿੱਤੀਆਂ । ਇਹ ਵੀ ਨੋਟਿਸ ਵਿਚ ਆਇਆ ਕਿ ਪਾਸ ਬੁੱਕ ਪ੍ਰਣਾਲੀ ਬੰਦ ਕਰਕੇ ਖਾਤਾ ਧਾਰਕਾਂ ਨੂੰ ਪ੍ਰੇਸ਼ਾਨ ਕਰਨ ਲਈ ਬੈਂਕਾਂ ਵੱਲੋਂ ਇਕਤਰਫਾ ਫੈਸਲਾ ਲਿਆ ਗਿਆ । ਇਹ ਵੀ ਧਿਆਨ ਵਿਚ ਆਇਆ ਕਿ ਇਹ ਬੈਂਕਾਂ ਸੇਵਿੰਗ ਬੈਂਕ ਖਾਤਾ ਧਾਰਕਾਂ ਨੂੰ ਸਰਕੂਲਰ ਡੀਬੀਓਡੀ ਨੰ. ਲੈਗ.ਬੀਸੀ 74/09-07-005/2004-05 ਮਿਤੀ 10-4-2004 ਦੁਆਰੀ ਜਾਰੀ ਸੂਰਤਾਂ ਤਹਿਤ ਮਾਸਕ ਲੇਖਾ ਸਾਰਨੀ ਦੇਣ ਦੀ ਬਜਾਏ ਤਿਮਾਹੀ ਲੇਖਾ ਸਾਰਣੀ ਜਾਰੀ ਕਰਦੀਆਂ ਹਨ ।

2. ਇਸ ਸਬੰਧ ਵਿਚ ਲਿਖਿਆ ਜਾਂਦਾ ਹੈ ਕਿ ਪਾਸ ਬੁੱਕ ਛੋਟੇ ਗਾਹਕਾਂ ਲਈ ਨੂੰ ਲੇਖਾ ਸਾਰਣੀ ਦੇ ਮੁਕਾਬਲੇ ਲੈਣ ਦੇਣ ਲਈ ਤੁਰੰਤ ਗਿਣਾਵੀ (ਵਕ਼ਦਖ ਵਕਫਾਰਅਕਗ) ਤਿਆਰ ਅਤੇ ਫੋਰਨ ਸੌਖ ਪ੍ਰਦਾਨ ਕਰਦਾ ਹੈ । ਸਾਰਣੀਆਂ ਦੀ ਵਰਤੋਂ ਵਿਚ ਸਹਿਜੇ ਹੀ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ਜਿਵੇਂ (ੳ) ਇਹ ਬਕਾਇਆ ਭਰੀਆ ਜਾਣੀਆਂ ਲੋੜੀਂਦੀਆਂ ਹਨ (ਅ) ਖੁੱਲ੍ਹਾ ਬਕਾਇਆ ਆਖਰੀ ਬੰਦ ਬਕਾਇਆ ਸਾਰਣੀ ਨਾਲ ਮੇਲ ਖਾਂਦਾ ਹੋਣਾ

ਚਾਹੀਦਾ ਹੈ (ੲ) ਡਾਕ ਵਿਚ ਸਾਰਣੀਆਂ ਦਾ ਗੁੰਮ ਹੋ ਜਾਣਾ ਕੋਈ ਅਸੁਭਾਵਕ ਨਹੀਂ ਹੈ ਅਤੇ ਇਨ੍ਹਾਂ ਨੂੰ ਡੁਪਲੀਕੇਟ ਪ੍ਰਾਪਤ ਕਰਨ ਲਈ ਖਰਚ ਤੇ ਅਸੁਵਿਧਾ ਵੀ ਸ਼ਾਮਲ ਹੈ। (ਸ) ਪੂਰੀ ਲੈਣ ਦੇਣ (ਸਾਰਣੀ) ਉਪਲੱਬਧ ਨਾ ਹੋਣ ਕਾਰਨ ਏਟੀਐਮ ਦੁਆਰਾ ਜਾਰੀ ਸਲਿੱਪਾਂ ਦੋ ਸਲਿੱਪਾਂ ਦਾ ਅੰਤਰਾਲ ਕਾਰਣ ਸਮੱਸਿਆ ਦਾ ਤਸੱਲੀਬਖਸ਼ ਸਮਾਧਾਨ ਉਪਲੱਬਧ ਨਹੀਂ ਹੁੰਦਾ (ਹ) ਅਜਿਹੇ ਛੋਟੇ ਗਾਹਕਾਂ ਦਾ ਕਾਫੀ ਗਿਣਤੀ ਹੈ ਜੋ ਕੰਪਿਊਟਰ /ਇੰਟਰਨੈਟ ਰਾਹੀਂ ਪਹੁੰਚ ਨਹੀਂ ਕਰ ਸਕਦੇ। ਇਸ ਤਰ੍ਹਾਂ ਛੋਟੇ ਗਾਹਕਾਂ ਨੂੰ ਪਾਸਬੁੱਕਾਂ ਜਾਰੀ ਨਾ ਕਰਨਾ, ਸਿੱਧਾ ਉਨ੍ਹਾਂ ਨੂੰ ਵਿੱਤੀ ਅਲਹਿਦਗੀ ਵੱਲ ਲੈ ਜਾਣਾ ਹੈ।

3. ਬੈਂਕਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿਸੇ (ਨਿਜੀ) ਸੇਵਿੰਗ ਬੈਂਕ ਖਾਤਾ ਧਾਰਕਾਂ ਨੂੰ ਪਾਸ ਬੁੱਕ ਸਹੂਲਤਾਂ ਅਵੱਸ਼ ਦਿੱਤੀਆਂ ਜਾਣ ਅਤੇ ਜੇ ਕਿਸੇ ਕੇਸ ਵਿਚ ਗਾਹਕਾਂ ਨੂੰ ਲੇਖਾ ਸਾਰਣੀਆਂ ਭੇਜਦੀਆਂ ਹਨ ਅਤੇ ਗਾਹਕ ਲੇਖਾ ਸਾਰਣੀਆਂ ਪ੍ਰਾਪਤ ਕਰਨਾ ਚੁਣਦੇ ਹਨ ਤਾਂ ਬੈਂਕਾਂ ਨੂੰ ਸਾਡੇ ਸਰਕੂਲਰ ਡੀਬੀਓਡੀ ਨੰ. ਲੈਗ ਬੀਸੀ. 74/09-07-005/2004-05 ਸਾਰਣੀਆਂ ਭੇਜੀਆਂ ਜਾਇਆ ਕਰਨ। ਅਜਿਹੀਆਂ ਪਾਸਬੁੱਕਾਂ ਜਾਂ ਸਾਰਣੀਆਂ ਜਾਰੀ ਕਰਨ ਲਈ ਗਾਹਕਾਂ ਤੋਂ ਫੀਸ ਨਾ ਲਈ ਜਾਏ।

4. ਕਿਰਪਾ ਕਰਕੇ ਇਸਦੀ ਪਹੁੰਚ ਭੇਜੀ ਜਾਵੇ।

ਆਪ ਦਾ ਵਿਸ਼ਵਾਸਪਾਤਰ

(ਪ੍ਰਸ਼ਾਂਤ ਸਰਨ)

ਚੀਫ ਜਨਰਲ ਮੈਨੇਜਰ ਇੰਚਾਰਜ